# <u>ਕਰਜ਼ਾ-ਜਾਲ:</u>

## ਕਿਸਾਨੋ ਅਤੇ ਮਜ਼ਦੂਰੋ -

## ਨਾ ਮਰੋ ...

## ਨਾ ਜ਼ਮੀਨ ਵੇਚੋ ...

## ਮੁਕੱਦਮੇ ਕਰੋ

**ਐਮ ਐਸ ਏ ਆਰ** (2002)

ਸਲਾਹ

1. ਉਨ੍ਹਾਂ ਕਰਜ਼ਦਾਰਾਂ ਜਿਨ੍ਹਾਂ ਨੂੰ ਵਿਆਜ ਬਾਰੇ ਕਾਨੂੰਨੀ ਸਥਿਤੀ ਪ੍ਰਤਿ ਕੋਈ ਸ਼ੰਕਾ ਹੋਵੇ ਜਾਂ ਜਿਨ੍ਹਾਂ ਨੂੰ ਵਿਆਜ ਦੀਆਂ ਉਚੀਆਂ ਦਰਾਂ ਤੇ ਕਰਜ਼ਾ ਲੈਣ ਲਈ ਮਜ਼ਬੂਰ ਕੀਤਾ ਗਿਆ ਹੋਵੇ, ਨੂੰ **ਲੋਕ ਅਦਾਲਤਾਂ ਅੱਗੇ ਕੇਸ ਦਾਇਰ** ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਲੋਕ ਅਦਾਲਤਾਂ ਨੇ ਦਿਹਾਤੀ ਕਰਜ਼ੇ ਬਾਰੇ ਝਗੜਿਆਂ ਦਾ ਨਿਪਟਾਰਾ ਕੀਤਾ ਹੈ।

2. ਇਸਦੇ ਹਲ ਵਜੋਂ ਉਹ ਆਪਣੇ ਕਰਜ਼ੇ ਦੇ ਨਿਪਟਾਰੇ ਲਈ **ਨਿਆਂਇਕ ਅਦਾਲਤਾਂ ਨੂੰ ਵੀ ਪਹੁੰਚ ਕਰ ਸਕਦੇ ਹਨ**। ਅਦਾਲਤਾਂ ਗੈਰ-ਕਾਨੂੰਨੀ ਤੌਰ ਤੇ ਲਏ ਗਏ ਕਰਜ਼ੇ ਜਾਂ ਵਿਆਜ ਦੀਆਂ ਗੈਰ-ਕਾਨੂੰਨੀ ਦਰਾਂ ਤੇ ਕਰਜ਼ਾ ਵਾਪਸ ਕਰਨ ਲਈ ਤੁਹਾਨੂੰ ਮਜ਼ਬੂਰ ਨਹੀਂ ਕਰ ਸਕਦੀਆਂ।

3. ਜੇਕਰ ਤੁਹਾਡੇ ਕੋਲ ਕਾਨੂੰਨੀ ਫ਼ੀਸ ਲਈ ਪੈਸਾ ਨਹੀਂ ਹੈ, ਤਾਂ **ਵਕੀਲ ਫ਼ਰੀ ਕੀਤੇ ਜਾ ਸਕਦੇ ਹਨ**। ਕਾਨੂੰਨੀ ਸੇਵਾਵਾਂ ਅਥਾਰਟੀਜ਼ ਐਕਟ ਅਨੁਸਾਰ ਹੇਠ ਕਿਖੇ ਵਿਅਕਤੀ ਬਿਨਾਂ ਫ਼ੀਸ ਕਾਨੂੰਨੀ ਸੇਵਾ ਦੇ ਹੱਕਦਾਰ ਹਨ:

ੳ) ਅਨੁਸੂਚਿਤ ਜਾਤੀ/ਅਨੁਸੂਚਿਤ ਕਬੀਲੇ ਦਾ ਮੈਂਬਰ;
ਅ) ਬੇਗਾਰ ਦਾ ਮਾਰਿਆ ਵਿਅਕਤੀ;
ੲ) ਇਸਤਰੀ/ਬੱਚਾ;
ਸ) ਮਾਨਸਿਕ ਰੋਗੀ/ਅਪੰਗ;
ਹ) ਵੱਡੀ ਮੁਸੀਬਤ ਦਾ ਮਾਰਿਆ;
ਕ) ਉਦਯੋਗਿਕ ਕਾਮੇ;
ਖ) ਹਿਰਾਸਤ ਵਿਚ; ਅਤੇ
ਗ) ਕੋਈ ਐਸਾ ਵਿਅਕਤੀ ਜਿਸਦੀ ਸਾਲਾਨਾ ਆਮਦਨ 30,000 ਰੁਪਏ ਤੋਂ ਘੱਟ ਹੋਵੇ।

4. ਇਸ ਤਰ੍ਹਾਂ ਦੇ ਵੀ ਮੌਕੇ ਬਣ ਸਕਦੇ ਹਨ ਕਿ ਬਲੈਕ ਮਨੀ ਦਾ ਭੇਦ ਖੁਲ੍ਹਣ ਤੋਂ ਬਚਣ ਲਈ ਕਰਜ਼ਾ ਦੇਣ ਵਾਲਾ ਅਦਾਲਤ ਤੋਂ ਬਾਹਰ ਹੀ ਵਿਆਜ ਦੀ ਘੱਟ ਦਰ ਤੇ ਤੁਹਾਡੇ ਕਰਜ਼ੇ ਦਾ ਨਿਪਟਾਰਾ ਕਰਨ ਲਈ ਸਹਿਮਤ ਹੋ ਜਾਵੇ।

5. **ਆੜ੍ਹਤੀ ਨੂੰ ਰਜਿਸਟਰਡ ਨੋਟਿਸ ਜਾਰੀ ਕਰੋ** ਕਿ ਉਹ ਆਪਣਾ ਹਿਸਾਬ ਦੇਵੇ, ਅਤੇ ਵ1ਰਵਾ ਦੇਵੇ ਕਿ ਕਿੰਨੀ ਰਕਮ ਬਕਾਇਆ ਹੈ, ਕਿੰਨੀ ਵਸੂਲ ਕੀਤੀ ਅਤੇ ਕਿੰਨਾ ਵਿਆਜ ਬਣਿਆ।

6. ਕਰਜ਼ਦਾਰ ਆਮ ਤੌਰ ਤੇ ਕਰਜ਼ੇ ਦੀ ਵਸੂਲੀ ਲਈ ਪੁਲਿਸ ਦੀ ਮਦਦ ਲੈਂਦੇ ਹਨ। **ਪੁਲਿਸ ਨੂੰ ਇਸ ਕਿਸਮ ਦੇ ਦੀਵਾਨੀ ਝਗੜਿਆਂ ਵਿਚ ਦਖਲ ਦੇਣ ਦਾ ਅਧਿਕਾਰ ਨਹੀਂ ਹੈ**। ਜੇਕਰ ਕੋਈ ਅਜਿਹਾ ਗ਼ੈਰ-ਕਾਨੂੰਨੀ ਦਬਾਓ ਪੈ ਵੀ ਜਾਂਦਾ ਹੈ, ਤਾਂ ਸਾਰੇ ਪਿੰਡ ਨੂੰ ਰਲ ਕੇ ਇਸ ਦਾ ਵਿਰੋਧ ਕਰਨਾ ਚਾਹੀਦਾ ਹੈ ਅਤੇ ਕਰਜ਼ਦਾਰ ਦੀ ਮਦਦ ਲਈ ਆਉਣਾ ਚਾਹੀਦਾ ਹੈ। ਜੇਕਰ ਪੁਲਿਸ ਬਾਹਲਾ ਦਬਾਓ ਪਾਉਂਦੀ ਹੈ, ਤਾਂ ਇਕ ਸਾਦੀ ਅਰਜ਼ੀ **ਪੰਜਾਬ ਮੁਨੱਖੀ ਅਧਿਕਾਰ ਕਮਿਸ਼ਨ** ਨੂੰ ਭੇਜੋ, ਜਿਸਦਾ ਪਤਾ ਹੈ: SCO 20-22, ਸੈਕਟਰ 34-ਏ, ਚੰਡੀਗੜ੍ਹ।

7. ਜੇਕਰ ਸ਼ਾਹੂਕਾਰ ਨਾਲ ਸਮਝੌਤਾ ਕਰਨਾ ਪਵੇ, ਤਾਂ **ਇਹ ਸਮਝੌਤਾ ਲਿਖਤੀ ਅਸ਼ਟਾਮ ਤੇ ਅਤੇ ਪਿੰਡ ਦੀ ਪੰਚਾਇਤ ਦੀ ਗਵਾਹੀ ਪਵਾ ਕੇ ਕਰਨਾ ਚਾਹੀਦਾ ਹੈ**।

8. ਦਿੱਤੇ ਹੋਏ ਪ੍ਰਨੋਟ ਜਾਂ ਹੋਰ ਕਾਗਜ਼ਾਤ ਵਾਪਸ ਲੈ ਲਉ, ਅਤੇ ਜੇਕਰ ਕਿਸੇ ਅਸ਼ਟਾਮ ਤੇ ਕਰਜ਼ਾ ਲੈਣ ਵੇਲੇ ਜਾਂ ਪੁਲਿਸ ਦਬਾਉ ਥੱਲੇ ਦਸਤਖ਼ਤ ਕੀਤੇ ਹਨ, ਤਾਂ ਉਹ ਵੀ ਵਾਪਸ ਲੈ ਲਉ।

ਸਲਾਹ

1. ਉਨ੍ਹਾਂ ਕਰਜ਼ਦਾਰਾਂ ਜਿਨ੍ਹਾਂ ਨੂੰ ਵਿਆਜ ਬਾਰੇ ਕਾਨੂੰਨੀ ਸਥਿਤੀ ਪ੍ਰਤਿ ਕੋਈ ਸ਼ੰਕਾ ਹੋਵੇ ਜਾਂ ਜਿਨ੍ਹਾਂ ਨੂੰ ਵਿਆਜ ਦੀਆਂ ਉਚੀਆਂ ਦਰਾਂ ਤੇ ਕਰਜ਼ਾ ਲੈਣ ਲਈ ਮਜ਼ਬੂਰ ਕੀਤਾ ਗਿਆ ਹੋਵੇ, ਨੂੰ **ਲੋਕ ਅਦਾਲਤਾਂ ਅੱਗੇ ਕੇਸ ਦਾਇਰ** ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਲੋਕ ਅਦਾਲਤਾਂ ਨੇ ਦਿਹਾਤੀ ਕਰਜ਼ੇ ਬਾਰੇ ਝਗੜਿਆਂ ਦਾ ਨਿਪਟਾਰਾ ਕੀਤਾ ਹੈ।

2. ਇਸਦੇ ਹਲ ਵਜੋਂ ਉਹ ਆਪਣੇ ਕਰਜ਼ੇ ਦੇ ਨਿਪਟਾਰੇ ਲਈ **ਨਿਆਂਇਕ ਅਦਾਲਤਾਂ ਨੂੰ ਵੀ ਪਹੁੰਚ ਕਰ ਸਕਦੇ ਹਨ**। ਅਦਾਲਤਾਂ ਗੈਰ-ਕਾਨੂੰਨੀ ਤੌਰ ਤੇ ਲਏ ਗਏ ਕਰਜ਼ੇ ਜਾਂ ਵਿਆਜ ਦੀਆਂ ਗੈਰ-ਕਾਨੂੰਨੀ ਦਰਾਂ ਤੇ ਕਰਜ਼ਾ ਵਾਪਸ ਕਰਨ ਲਈ ਤੁਹਾਨੂੰ ਮਜ਼ਬੂਰ ਨਹੀਂ ਕਰ ਸਕਦੀਆਂ।

3. ਜੇਕਰ ਤੁਹਾਡੇ ਕੋਲ ਕਾਨੂੰਨੀ ਫ਼ੀਸ ਲਈ ਪੈਸਾ ਨਹੀਂ ਹੈ, ਤਾਂ **ਵਕੀਲ ਫ਼ਰੀ ਕੀਤੇ ਜਾ ਸਕਦੇ ਹਨ**। ਕਾਨੂੰਨੀ ਸੇਵਾਵਾਂ ਅਥਾਰਟੀਜ਼ ਐਕਟ ਅਨੁਸਾਰ ਹੇਠ ਕਿਖੇ ਵਿਅਕਤੀ ਬਿਨਾਂ ਫ਼ੀਸ ਕਾਨੂੰਨੀ ਸੇਵਾ ਦੇ ਹੱਕਦਾਰ ਹਨ:

ੳ) ਅਨੁਸੂਚਿਤ ਜਾਤੀ/ਅਨੁਸੂਚਿਤ ਕਬੀਲੇ ਦਾ ਮੈਂਬਰ;
ਅ) ਬੇਗਾਰ ਦਾ ਮਾਰਿਆ ਵਿਅਕਤੀ;
ੲ) ਇਸਤਰੀ/ਬੱਚਾ;
ਸ) ਮਾਨਸਿਕ ਰੋਗੀ/ਅਪੰਗ;
ਹ) ਵੱਡੀ ਮੁਸੀਬਤ ਦਾ ਮਾਰਿਆ;
ਕ) ਉਦਯੋਗਿਕ ਕਾਮੇ;
ਖ) ਹਿਰਾਸਤ ਵਿਚ; ਅਤੇ
ਗ) ਕੋਈ ਐਸਾ ਵਿਅਕਤੀ ਜਿਸਦੀ ਸਾਲਾਨਾ ਆਮਦਨ 30,000 ਰੁਪਏ ਤੋਂ ਘੱਟ ਹੋਵੇ।

4. ਇਸ ਤਰ੍ਹਾਂ ਦੇ ਵੀ ਮੌਕੇ ਬਣ ਸਕਦੇ ਹਨ ਕਿ ਬਲੈਕ ਮਨੀ ਦਾ ਭੇਦ ਖੁਲ੍ਹਣ ਤੋਂ ਬਚਣ ਲਈ ਕਰਜ਼ਾ ਦੇਣ ਵਾਲਾ ਅਦਾਲਤ ਤੋਂ ਬਾਹਰ ਹੀ ਵਿਆਜ ਦੀ ਘੱਟ ਦਰ ਤੇ ਤੁਹਾਡੇ ਕਰਜ਼ੇ ਦਾ ਨਿਪਟਾਰਾ ਕਰਨ ਲਈ ਸਹਿਮਤ ਹੋ ਜਾਵੇ।

5. **ਆੜ੍ਹਤੀ ਨੂੰ ਰਜਿਸਟਰਡ ਨੋਟਿਸ ਜਾਰੀ ਕਰੋ** ਕਿ ਉਹ ਆਪਣਾ ਹਿਸਾਬ ਦੇਵੇ, ਅਤੇ ਵ1ਰਵਾ ਦੇਵੇ ਕਿ ਕਿੰਨੀ ਰਕਮ ਬਕਾਇਆ ਹੈ, ਕਿੰਨੀ ਵਸੂਲ ਕੀਤੀ ਅਤੇ ਕਿੰਨਾ ਵਿਆਜ ਬਣਿਆ।

6. ਕਰਜ਼ਦਾਰ ਆਮ ਤੌਰ ਤੇ ਕਰਜ਼ੇ ਦੀ ਵਸੂਲੀ ਲਈ ਪੁਲਿਸ ਦੀ ਮਦਦ ਲੈਂਦੇ ਹਨ। **ਪੁਲਿਸ ਨੂੰ ਇਸ ਕਿਸਮ ਦੇ ਦੀਵਾਨੀ ਝਗੜਿਆਂ ਵਿਚ ਦਖਲ ਦੇਣ ਦਾ ਅਧਿਕਾਰ ਨਹੀਂ ਹੈ**। ਜੇਕਰ ਕੋਈ ਅਜਿਹਾ ਗ਼ੈਰ-ਕਾਨੂੰਨੀ ਦਬਾਓ ਪੈ ਵੀ ਜਾਂਦਾ ਹੈ, ਤਾਂ ਸਾਰੇ ਪਿੰਡ ਨੂੰ ਰਲ ਕੇ ਇਸ ਦਾ ਵਿਰੋਧ ਕਰਨਾ ਚਾਹੀਦਾ ਹੈ ਅਤੇ ਕਰਜ਼ਦਾਰ ਦੀ ਮਦਦ ਲਈ ਆਉਣਾ ਚਾਹੀਦਾ ਹੈ। ਜੇਕਰ ਪੁਲਿਸ ਬਾਹਲਾ ਦਬਾਓ ਪਾਉਂਦੀ ਹੈ, ਤਾਂ ਇਕ ਸਾਦੀ ਅਰਜ਼ੀ **ਪੰਜਾਬ ਮੁਨੱਖੀ ਅਧਿਕਾਰ ਕਮਿਸ਼ਨ** ਨੂੰ ਭੇਜੋ, ਜਿਸਦਾ ਪਤਾ ਹੈ: SCO 20-22, ਸੈਕਟਰ 34-ਏ, ਚੰਡੀਗੜ੍ਹ।

7. ਜੇਕਰ ਸ਼ਾਹੂਕਾਰ ਨਾਲ ਸਮਝੌਤਾ ਕਰਨਾ ਪਵੇ, ਤਾਂ **ਇਹ ਸਮਝੌਤਾ ਲਿਖਤੀ ਅਸ਼ਟਾਮ ਤੇ ਅਤੇ ਪਿੰਡ ਦੀ ਪੰਚਾਇਤ ਦੀ ਗਵਾਹੀ ਪਵਾ ਕੇ ਕਰਨਾ ਚਾਹੀਦਾ ਹੈ।**

8. ਦਿੱਤੇ ਹੋਏ ਪ੍ਰਨੋਟ ਜਾਂ ਹੋਰ ਕਾਗਜ਼ਾਤ ਵਾਪਸ ਲੈ ਲਉ, ਅਤੇ ਜੇਕਰ ਕਿਸੇ ਅਸ਼ਟਾਮ ਤੇ ਕਰਜ਼ਾ ਲੈਣ ਵੇਲੇ ਜਾਂ ਪੁਲਿਸ ਦਬਾਉ ਥੱਲੇ ਦਸਤਖ਼ਤ ਕੀਤੇ ਹਨ, ਤਾਂ ਉਹ ਵੀ ਵਾਪਸ ਲੈ ਲਉ।

ਜੇਕਰ ਤੁਸੀਂ ਪੰਜਾਬ ਵਿਚ ਰਹਿੰਦੇ ਹੋ ਤਾਂ ਤੁਹਾਨੂੰ ਕਿਸੇ ਅਜਿਹੇ ਵਿਅਕਤੀ ਬਾਰੇ ਸ਼ਾਇਦ ਪਤਾ ਹੀ ਹੋਵੇਗਾ ਜਿਸਨੂੰ ਕਰਜ਼ਾ ਵਾਪਸ ਕਰਨ ਦੇ ਫ਼ਿਕਰ ਵਿਚ ਨਿਰਾਸਤਾ ਹੋਈ ਹੋਵੇ ਅਤੇ ਇਸ ਤਨਾਓ, ਬੇਇੱਜ਼ਤੀ ਅਤੇ ਪਰੇਸ਼ਾਨੀ ਤੋਂ ਬਚਣ ਲਈ ਆਪਣੀ ਜ਼ਿੰਦਗੀ ਖ਼ਤਮ ਕਰਨ ਲਈ ਮਜ਼ਬੂਰ ਹੋਣਾ ਪਿਆ ਹੋਵੇ। ਤੁਹਾਨੂੰ ਇਹ ਵੀ ਪਤਾ ਹੋਵੇਗਾ ਕਿ ਇਹ ਮੰਦਭਾਗੀ ਘਟਨਾ ਨਾ ਕੇਵਲ ਘਰ ਵਿਚ ਮਾਤਮ ਹੀ ਲਿਆਉਂਦੀ ਹੈ ਬਲਕਿ ਪਰਿਵਾਰ ਲਈ ਹੋਰ ਵੀ ਮੁਸ਼ਕਲ ਖੜ੍ਹੀ ਕਰ ਦਿੰਦੀ ਹੈ। ਜ਼ਿਲ੍ਹਾ ਸੰਗਰੂਰ ਦੇ ਲਹਿਰਾ ਅਤੇ ਅਨਦਾਣਾ ਬਲਾਕਾਂ (ਉਪ-ਮੰਡਲ ਮੂਨਕ) ਵਿਚ ਪਿਛਲੇ ਸਾਲ ਵਿਚ ਕੋਈ 80 ਅਜਿਹੇ ਆਤਮ-ਹੱਤਿਆਵਾਂ ਦੇ ਕੇਸ ਹੋਏ ਹਨ ਜਿਨ੍ਹਾਂ ਵਿਚੋਂ 56 ਦੀ ਹੀ ਪੁਸ਼ਟੀ ਹੋ ਸਕੀ ਹੈ। ਬਾਕੀ ਦੇ ਪੰਜਾਬ ਵਿਚ ਵੀ ਸਥਿਤੀ ਨਾਜ਼ੁਕ ਹੈ। ਪੰਜਾਬ ਦੀ ਤਿੰਨ ਪ੍ਰਤੀਸ਼ਤ ਜ਼ਮੀਨ ਆਏ ਸਾਲ ਆੜ੍ਹਤੀਆਂ ਦੇ ਧੱਕੇ ਚੜ੍ਹ ਰਹੀ ਹੈ।

ਇਸ ਕਿਤਾਬਚੇ (ਬੁਕਲੈੱਟ) ਦਾ ਮੰਤਵ ਹੈ ਕਿ ਕਾਨੂੰਨਾਂ ਅਧੀਨ ਕਰਜ਼ਦਾਰਾਂ ਦੀ ਰੱਖਿਆ ਕਿਵੇਂ ਕੀਤੀ ਜਾ ਸਕਦੀ ਹੈ; ਅਤੇ ਕਿਵੇਂ ਕਿਸਾਨਾਂ ਅਤੇ ਖੇਤ-ਮਜ਼ਦੂਰਾਂ ਨੂੰ ਕਾਨੂੰਨ ਦੀ ਸੁਰੱਖਿਆ ਲੈਣ ਦੇ ਯੋਗ ਬਣਾਇਆ ਜਾ ਸਕਦਾ ਹੈ ਤਾਂ ਕਿ ਉਹ ਸ਼ਾਹੂਕਾਰਾਂ ਦਾ ਮੁਕਾਬਲਾ ਕਰ ਸਕਣ ਅਤੇ ਆਪਣੇ ਆਪ ਨੂੰ ਕਰਜ਼ੇ ਦੇ ਬੋਝ ਵਿਚੋਂ ਬਾਹਰ ਕੱਢ ਸਕਣ। **ਇਸ ਬੁਕਲੈੱਟ ਵਿਚ ਦਿਹਾਤੀ ਕਰਜ਼ੇ ਸਬੰਧੀ ਲਾਗੂ ਕੁੱਝ ਕਾਨੂੰਨਾਂ ਦਾ ਸੰਖੇਪ ਜਿਹਾ ਵੇਰਵਾ ਦਿੱਤਾ ਗਿਆ ਹੈ। ਇਨ੍ਹਾਂ ਨੂੰ ਧਿਆਨ ਨਾਲ ਪੜ੍ਹੋ।**

## ਕਰਜ਼ਾ ਕਾਨੂੰਨ

**ਪੰਜਾਬ ਖੇਤੀਬਾੜੀ ਪੈਦਾਵਾਰ ਦੀਆਂ ਮੰਡੀਆਂ (ਆਮ) ਨਿਯਮਾਵਲੀ**, 1962 ਦੇ ਨਿਯਮ 24 (11ਅ) ਅਧੀਨ ਕਿਸੇ ਆੜ੍ਹਤੀਏ ਲਈ ਜ਼ਰੂਰੀ ਹੈ ਕਿ ਉਹ ਕਿਸਾਨ ਨੂੰ ਉਸ ਦੀ ਜਿਣਸ ਦੀ ਤੁਲਾਈ ਹੋਣ ਤੋਂ ਬਾਅਦ ਉਸਦਾ ਬਿਲ ਬਣਦਿਆਂ ਹੀ ਆਪਣੇ ਖਾਤੇ ਵਿਚੋਂ ਉਸਨੂੰ ਅਦਾਇਗੀ ਕਰੇ। ਜਿਣਸ ਦੇ ਬਿਲ ਵਿਚ ਕਿਸਾਨ ਦੀ ਫਸਲ ਦੀ ਮਾਤਰਾ, ਭਾਅ ਅਤੇ ਉਸ ਨੂੰ ਦੇਣੀ ਬਣਦੀ ਕੁੱਲ ਰਕਮ ਦਾ ਵੇਰਵਾ ਜ਼ਰੂਰ ਦਿੱਤਾ ਜਾਵੇ। ਇਸ ਬਿਲ ਦਾ ਮੰਤਵ ਹੈ ਜਿਣਸ ਦੀ ਪਹੁੰਚ ਰਸੀਦ ਅਤੇ ਕੀਮਤ ਦਾ ਤੈਅ ਹੋਣਾ। ਲੇਕਿਨ ਆੜ੍ਹਤੀਏ ਅਜਿਹੇ ਬਿਲ ਬਹੁਤ ਹੀ ਘੱਟ ਬਣਾਉਂਦੇ ਹਨ।

ਜਦੋਂ ਕੋਈ ਆੜ੍ਹਤੀਆ ਕਿਸਾਨ ਨੂੰ ਬਿਲ ਨਹੀਂ ਦਿੰਦਾ ਅਤੇ ਉਸ ਨੂੰ ਪੈਸਾ ਤੁਰੰਤ ਦੇ ਦਿੰਦਾ ਹੈ ਤਾਂ ਉਹ ਉਸ ਦੀ ਫਸਲ ਦੇ ਵਿਕਣ ਤੋਂ ਬਾਅਦ ਵੀ ਉਸ ਦੁਆਰਾ ਲਏ ਗਏ ਪਿਛਲੇ ਕਰਜ਼ੇ ਤੇ ਵਿਆਜ ਵਸੂਲ ਕਰ ਲੈਂਦਾ ਹੈ। ਕਿਸਾਨ ਦੀ ਫਸਲ ਖਰੀਦਦਿਆਂ ਸਾਰ ਹੀ ਉਸ ਨੂੰ ਅਦਾਇਗੀ ਨਾ ਕਰਨ ਦੀ ਸੂਰਤ ਵਿਚ ਉਸ ਨੂੰ ਦੇਣੀ ਬਣਦੀ ਰਕਮ ਤੇ ਜੁਰਮਾਨਾ ਵਿਆਜ ਲਗਾਉਣ ਦਾ ਉਪਬੰਧ ਹੋਣਾ ਵੀ ਚਾਹੀਦਾ ਹੈ ਅਤੇ ਅਜਿਹਾ ਨਾ ਕਰਨ ਵਾਲੇ ਆੜ੍ਹਤੀਏ ਦਾ ਲਾਇਸੰਸ ਕੈਂਸਲ ਕਰਨਾ ਚਾਹੀਦਾ ਹੈ। ਅਗਰ ਆੜ੍ਹਤੀਆ ਬਿਲ ਨਹੀਂ ਦਿੰਦਾ ਜਾਂ ਫਸਲ ਦੀ ਕੀਮਤ ਦੀ ਅਦਾਇਗੀ ਨਹੀਂ ਕਰਦਾ ਹੈ ਤਾਂ ਉਸ ਵਿਰੁੱਧ ਖੁਰਾਕ ਅਤੇ ਸਪਲਾਈਜ਼ ਵਿਭਾਗ ਦੇ ਜ਼ਿਲ੍ਹਾ ਪੱਧਰ ਦੇ ਅਫ਼ਸਰ ਨੂੰ ਸ਼ਿਕਾਇਤ ਕੀਤੀ ਜਾਵੇ।

ਲੇਖਾ ਵਿਨਿਯਮਨ ਐਕਟ, 1930 ਦੀ ਧਾਰਾ 3 ਅਧੀਨ ਆੜ੍ਹਤੀਏ ਲਈ ਕਿਸਾਨ ਨੂੰ ਪੇਸ਼ਗੀ ਦਿੱਤੀ ਗਈ ਫ਼ਸਲ ਦੀ ਖਰੀਦ ਤੇ ਦਿੱਤੀ ਗਈ ਅਤੇ ਬਕਾਇਆ ਰਹਿੰਦੀ ਰਕਮ ਦੇ ਵੇਰਵਿਆਂ ਸਮੇਤ ਉਸ ਦੁਆਰਾ ਵੇਚੀ ਗਈ ਹਰੇਕ ਫਸਲ ਦਾ ਹਿਸਾਬ ਦੇਣਾ ਜ਼ਰੂਰੀ ਹੈ। ਇਹ ਲੇਖਾ ਹਰੇਕ ਛਿਮਾਹੀ ਦੇ ਬੀਤ ਜਾਣ ਤੇ ਲਿਖਤੀ ਰੂਪ ਵਿਚ ਉਸ ਨੇ ਦੇਣਾ ਹੁੰਦਾ ਹੈ। ਇਸ ਬਾਰੇ ਇਸ ਕਾਨੂੰਨ ਵਿਚ ਉਪਬੰਧ ਕੀਤਾ ਹੋਇਆ ਹੈ। ਇਹ ਹਿਸਾਬ ਨਾ ਦਿੱਤੇ ਜਾਣ ਦੀ ਸੂਰਤ ਵਿਚ ਐਕਟ ਦੀ ਧਾਰਾ 4 ਅਧੀਨ ਕਾਰਵਾਈ ਕੀਤੀ ਜਾ ਸਕਦੀ ਹੈ।

ਵਿਆਜਖੋਰ ਕਰਜ਼ਾ ਐਕਟ ਅਧੀਨ 18 ਪ੍ਰਤਿਸ਼ਤ ਸਾਲਾਨਾ ਤੋਂ ਵੱਧ ਵਿਆਜ਼ ਲੈਣਾ ਨਾਜਾਇਜ਼ ਹੈ। ਲੇਕਿਨ ਆੜ੍ਹਤੀਆਂ ਵਲੋਂ ਆਮ ਤੌਰ ਤੇ 25% ਤੋਂ ਲੈ ਕੇ 60% ਤਕ ਵਿਆਜ ਵਸੂਲ ਕੀਤਾ ਜਾਂਦਾ ਹੈ। ਵਿਆਜ ਦੀਆਂ ਇਹ ਦਰਾਂ ਕਾਨੂੰਨ ਅਧੀਨ ਗੈਰਕਾਨੂੰਨੀ ਹਨ ਅਤੇ ਕੋਈ ਵੀ ਆੜ੍ਹਤੀਆ ਕਾਨੂੰਨੀ ਤੌਰ ਤੇ ਏਨਾ ਜ਼ਿਆਦਾ ਵਿਆਜ ਵਸੂਲ ਨਹੀਂ ਕਰ ਸਕਦਾ।

ਵਿਆਜ ਐਕਟ (1978) ਦੇ ਉਪਬੰਧ ਉਸ ਸੂਰਤ ਵਿਚ ਲਾਗੂ ਨਹੀਂ ਹੁੰਦੇ ਜਿਥੇ ਐਕਟ ਦੀ ਧਾਰਾ 2 (ਖ) ਅਧੀਨ ਕਰਜ਼ਾ ਲੈਣ ਦਾ ਭਾਵ ਪੱਕੇ ਤੌਰ ਤੇ ਲਿਆ ਗਿਆ ਕਰਜ਼ਾ ਹੋਵੇ, ਲੇਕਿਨ ਆੜ੍ਹਤੀਆਂ ਦੁਆਰਾ ਕਿਸਾਨਾਂ ਨੂੰ ਪੈਸਾ (ਕਰਜ਼ੇ) ਸਾਂਝੇ ਤੌਰ ਤੇ ਖੋਲ੍ਹੇ ਗਏ ਉਸ ਚਲੰਤ (ਕਰੰਟ) ਖਾਤੇ ਵਿਚੋਂ ਦਿੱਤਾ ਜਾਂਦਾ ਹੈ ਜਿਸ ਵਿਚ ਕਿਸਾਨਾਂ ਦੀ ਫਸਲ ਦੀ ਕੀਮਤ ਦਾ ਪੈਸਾ ਜਮਾਂ ਕਰਾਇਆ ਜਾਂਦਾ ਹੈ ਅਤੇ ਇਹ ਪੈਸਾ ਉਨ੍ਹਾਂ ਨੂੰ ਦਿੱਤਾ ਵੀ ਥੋੜ੍ਹੇ-ਥੋੜ੍ਹੇ ਸਮੇਂ ਅਰਥਾਤ, ਲੋੜ ਵੇਲੇ ਦਿੱਤਾ ਜਾਂਦਾ ਹੈ। ਇਸ ਕਰਕੇ, ਇਸ ਤਰ੍ਹਾਂ ਉਧਾਰ ਲਏ ਗਏ ਪੈਸੇ ਨੂੰ ਪੱਕੇ ਤੌਰ ਤੇ ਲਿਆ ਗਿਆ ਪੈਸਾ ਜਾਂ ਕਰਜ਼ਾ ਨਹੀਂ ਕਿਹਾ ਜਾ ਸਕਦਾ। ਆੜ੍ਹਤੀਏ ਦੀ ਵਹੀ (ਅਕਾਉਂਟ ਬੁਕ) ਵਿਚ ਵਿਆਜ ਦੀ ਦਰ ਦੇ ਹਵਾਲੇ ਨਾਲ ਲਿਖੀ ਗਈ ਕਿਸੇ ਲਿਖਤ ਤੇ ਕਿਸਾਨ ਦੁਆਰਾ ਕੀਤੇ ਗਏ ਦਸਤਖਤਾਂ ਦੇ ਬਾਵਜੂਦ ਵੀ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ - ਜਿਲਦ-1, ਅਧਿਆਇ 2, ਭਾਗ-ਸ ਵਿਚ ਦਰਜ ਨਿਯਮਾਵਲੀ ਅਤੇ ਆਦੇਸ਼ਾਂ ਅਨੁਸਾਰ ਅਗਰ ਅਦਾਲਤ ਇਸ ਸਿੱਟੇ ਤੇ ਪਹੁੰਚੇ ਕਿ ਆੜ੍ਹਤੀਏ ਦੀ ਵਹੀ ਤੇ ਲਿਖੀ ਗਈ ਵਿਆਜ ਦੀ ਦਰ ਕਿਤੇ ਜ਼ਿਆਦਾ ਹੈ, ਤਾਂ ਵਿਆਜ ਦੀ ਦਰ ਨੂੰ ਘੱਟ ਕਰਨਾ ਇਸ ਦੇ ਅਖ਼ਤਿਆਰ ਵਿਚ ਹੈ।

ਦਮ-ਦੋ-ਪੱਤ ਦਾ ਨਿਯਮ, ਜਿਵੇਂ ਕਿ ਪੰਜਾਬ ਕਰਜ਼ਾ ਰਾਹਤ ਐਕਟ (1934) ਦੀ ਧਾਰਾ 30 ਅਧੀਨ ਉਪਬੰਧਤ ਹੈ, ਇਸ ਸਬੰਧ ਵਿਚ ਬਹੁਤ ਚੰਗੀ ਤਰ੍ਹਾਂ ਵਿਆਖਿਆ ਕੀਤੀ ਗਈ ਹੈ ਅਤੇ ਕੋਈ ਵੀ ਅਦਾਲਤ ਉਧਾਰ ਦਿੱਤੀ ਗਈ ਅਸਲ (ਮੂਲ) ਰਕਮ ਤੋਂ ਦੁੱਗਣੀ ਰਕਮ ਲਈ ਕੋਈ ਹੁਕਮ ਜਾਂ ਡਿਗਰੀ ਦੇਣ ਦੇ ਸਮਰੱਥ ਨਹੀਂ ਹੈ ਬਲਕਿ ਇਸ ਵਿਚੋਂ, ਸੂਦਖੋਰੀ ਕਰਜ਼ਾ ਐਕਟ ਅਧੀਨ, ਕਰਜ਼ਦਾਰ ਨੂੰ ਦੇਣੀ ਬਣਦੀ ਰਕਮ ਤੋਂ ਵੱਧ ਉਸ ਨੂੰ ਪਹਿਲਾਂ ਅਦਾ ਕੀਤੀ ਗਈ ਰਕਮ ਘਟਾ ਦਿੱਤੀ ਜਾਵੇਗੀ। ਲੇਕਿਨ ਇਸ ਰਕਮ ਵਿਚ ਅਗੋਂ ਤੋਂ ਬਣਦਾ ਵਿਆਜ ਦੁੱਗਣੀ ਰਕਮ ਦਾ ਹਿਸਾਬ ਲਗਾਉਣ ਸਮੇਂ ਗਿਣਿਆ ਨਹੀਂ ਜਾਵੇਗਾ। **ਪੰਜਾਬ ਕਰਜ਼ਾ ਰਾਹਤ ਐਕਟ** (1934) ਵਿਚ ਕਰਜ਼ਦਾਰਾਂ ਵਲੋਂ ਕਰਜ਼ਾ ਲੈਣ ਵਾਲਿਆਂ ਨੂੰ ਨਾਜ਼ਾਇਜ਼ ਤੰਗ ਕਰਨ ਵਿਰੁੱਧ ਦੰਡਿਤ ਕਾਰਵਾਈ ਕਰਨ ਲਈ ਉਪਬੰਧ ਵੀ ਕੀਤੇ ਗਏ ਹਨ। ਅਗਰ ਕੋਈ ਕਰਜ਼ਦਾਰ ਕਰਜ਼ੇ ਦੀ ਵਸੂਲੀ ਦਾ ਝੂਠਾ ਜਾਂ ਅਸਲ ਵਿਚ ਉਧਾਰ ਦਿੱਤੀ ਗਈ ਰਕਮ ਨਾਲੋਂ ਵੱਧ ਰਕਮ ਲਈ ਕੋਈ ਕੇਸ ਦਾਇਰ ਕਰਦਾ ਹੈ ਤਾਂ ਕਰਜ਼ਦਾਰ ਨੂੰ ਤਿੰਨ ਮਹੀਨਿਆਂ ਤੱਕ ਸਜ਼ਾ ਦਿੱਤੀ ਜਾ ਸਕਦੀ ਹੈ ਜਾਂ 1000/- ਰੁਪਏ ਤੱਕ ਦਾ ਜੁਰਮਾਨਾ ਕੀਤਾ ਜਾ ਸਕਦਾ ਹੈ। ਅਦਾਲਤ ਆਰੰਭਿਕ ਜਾਂਚ ਕਰਨ ਤੋਂ ਬਾਅਦ ਇਸ ਮੰਤਵ ਲਈ ਕਿਸੇ ਮਜਿਸਟ੍ਰੇਟ ਨੂੰ ਹੁਕਮ ਦੇਣ ਲਈ ਸ਼ਿਕਾਇਤ ਭੇਜ ਸਕਦੀ ਹੈ।

## ਤੁਹਾਡੇ ਪ੍ਰਸ਼ਨਾਂ ਦੇ ਉੱਤਰ

**ਪ੍ਰਸ਼ਨ-1 ਕੀ ਜਾਇਜ਼ ਵਿਆਜ ਤੋਂ ਵੱਧ ਵਿਆਜ ਵਸੂਲ ਕੀਤਾ ਜਾ ਸਕਦਾ ਹੈ ? ਅਗਰ ਨਹੀਂ, ਤਾਂ ਕੀ ਇਸ ਦੀ ਉਲੰਘਣਾ ਕਰਨ ਵਾਲੇ ਕਰਜ਼ਾ ਦੇਣ ਵਾਲੇ ਸ਼ਾਹੂਕਾਰ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ ?**

ਉੱਤਰ-1 ਆਗਿਆਯੋਗ ਵਿਆਜ ਤੋਂ ਵੱਧ ਵਿਆਜ ਵਸੂਲ ਨਹੀਂ ਕੀਤਾ ਜਾ ਸਕਦਾ। ਸੂਦਖੋਰੀ ਕਰਜ਼ਾ ਐਕਟ ਦੀ ਧਾਰਾ-3 ਵਿਚ ਉਪਬੰਧ ਹੈ ਕਿ ਜਿਥੇ ਅਦਾਲਤ ਦੀ ਇਹ ਤਸੱਲੀ ਹੋਵੇ ਕਿ ਵਿਆਜ ਦੀ ਦਰ ਹੱਦੋਂ ਵੱਧ ਹੈ ਅਤੇ ਲੈਣ-ਦੇਣ ਬਿਲਕੁਲ ਗਲਤ ਹੋਇਆ ਹੈ ਉਥੇ ਇਸ ਮਾਮਲੇ ਨੂੰ ਦੁਬਾਰਾ ਖੋਲ੍ਹ ਸਕਦੀ ਹੈ; ਦੋਹਾਂ ਧਿਰਾਂ ਦਾ ਦੁਬਾਰਾ ਹਿਸਾਬ ਕਰ ਸਕਦੀ ਹੈ ਅਤੇ ਦੇਣਦਾਰ ਨੂੰ ਕਰਜ਼ੇ ਤੋਂ ਮੁਕਤ ਕਰ ਸਕਦੀ ਹੈ। ਅਜਿਹੇ ਕੇਸਾਂ ਵਿਚ ਕਰਜ਼ਦਾਰ ਵਿਰੁੱਧ ਕਿਸੇ ਕਾਨੂੰਨੀ ਆਦੇਸ਼ ਦੀ ਵੀ ਲੋੜ ਨਹੀਂ ਹੈ। ਇਹ ਤਹਿ ਕਰਨ ਸਮੇਂ ਕਿ ਕੀ ਵਾਕਿਆ ਹੀ ਲੈਣ-ਦੇਣ (ਟਰਾਂਜ਼ੈਕਸ਼ਨ) ਗਲਤ ਹੋਇਆ ਹੈ। ਅਦਾਲਤ ਕਰਜ਼ਾ ਲੇਣ ਸਮੇਂ ਦੋਹਾਂ ਧਿਰਾਂ ਵਿਚਕਾਰ ਮੁਕਰਰ ਹੋਈਆਂ ਸ਼ਰਤਾਂ ਤੇ ਮੁੱਖ ਤੌਰ ਤੇ ਪੈਣ ਵਾਲੇ ਅਸਰ ਪੱਖੋਂ ਸਾਰੇ ਪਹਿਲੂਆਂ ਨੂੰ ਧਿਆਨ ਵਿਚ ਰੱਖੇਗੀ ਜਿਨ੍ਹਾਂ ਵਿਚ ਕਰਜ਼ਾ ਲੈਣ ਸਮੇਂ ਕਰਜ਼ਦਾਰ ਦੀਆਂ ਲੋੜਾਂ

ਜਾਂ ਅਨੁਮਾਨਤ ਲੋੜਾਂ ਦਾ ਧਿਆਨ ਰੱਖਣਾ ਵੀ ਸ਼ਾਮਲ ਹੈ ਅਤੇ ਅਦਾਲਤ ਇਹ ਵੀ ਵੇਖੇਗੀ ਕਿ ਕੀ ਕਰਜ਼ਦਾਰ ਦੀਆਂ ਉਸ ਸਮੇਂ ਇਨ੍ਹਾਂ ਜ਼ਰੂਰਤਾਂ, ਜਿਸ ਕਾਰਨ ਉਸ ਨੂੰ ਕਰਜ਼ਾ ਲੈਣਾ ਪੈ ਰਿਹਾ ਹੈ, ਬਾਰੇ ਕਰਜ਼ਾ ਦੇਣ ਵਾਲਾ ਜਾਣੂੰ ਸੀ ਜਾਂ ਉਸ ਨੂੰ ਇਨ੍ਹਾਂ ਬਾਰੇ ਜਾਣੂੰ ਕਰਵਾਇਆ ਗਿਆ ਸੀ। ਲੈਣ-ਦੇਣ ਨੂੰ ਗਲਤ ਕਰਾਰ ਦੇਣ ਦੇ ਸਬੂਤ ਵਜੋਂ ਵਿਆਜ ਦੀ ਦਰ ਹੀ ਕਾਫੀ ਹੈ। ਪੰਜਾਬ ਅਤੇ ਹਰਿਆਣਾ ਰਾਜਾਂ ਅਤੇ ਚੰਡੀਗੜ੍ਹ ਤੇ ਲਾਗੂ ਉਪਰੋਕਤ ਕੇਂਦਰੀ ਕਾਨੂੰਨ ਵਿਚ ਕੀਤੀ ਗਈ ਸੋਧ ਮੁਤਾਬਕ, ਅਦਾਲਤ ਵਿਆਜ ਦੀ ਅਜਿਹੀ ਦਰ ਜੋ 7.5 ਪ੍ਰਤਿਸ਼ਤ ਸਾਲਾਨਾ ਸਾਧਾਰਨ ਵਿਆਜ ਤੋਂ ਵੱਧ ਹੋਵੇ ਜਾਂ ਬੈਂਕ ਦੀ ਦਰ ਤੋਂ 2% ਸਾਲਾਨਾ ਤੋਂ ਵੱਧ ਹੋਵੇ, ਨੂੰ ਸੁਰੱਖਿਅਤ ਕਰਜ਼ਿਆਂ ਦੇ ਕੇਸ ਵਿਚ ਵੱਧ ਸਮਝੇਗੀ ਅਤੇ ਅਸੁਰੱਖਿਅਤ ਕਰਜ਼ਿਆਂ ਦੇ ਕੇਸ ਵਿਚ 12.5% ਸਾਲਾਨਾ ਸਾਧਾਰਨ ਵਿਆਜ ਨੂੰ ਵੱਧ ਸਮਝੇਗੀ। ਲੇਕਿਨ, ਇਹ ਚੀਜ਼ ਬੈਂਕਾਂ, ਕੰਪਨੀਆਂ ਅਤੇ ਸਹਿਕਾਰੀ ਸਭਾਵਾਂ ਤੇ ਲਾਗੂ ਨਹੀਂ ਹੈ।

**ਪ੍ਰਸ਼ਨ-2ਕੀ ਕਾਨੂੰਨ ਅਧੀਨ ਕਿਸੇ ਗੈਰ-ਲਸੰਸਸ਼ੁਦਾ ਸੂਦ-ਖੋਰ (ਆੜ੍ਹਤੀਏ ਜਾਂ ਲਸੰਸਧਾਰੀ ਸ਼ਾਹੂਕਾਰ ਤੋਂ ਇਲਾਵਾ) ਨੂੰ ਕਰਜ਼ਾ ਦੇਣ ਦੀ ਇਜਾਜ਼ਤ ਹੈ? ਕੀ ਕਰਜ਼ਾ ਦਿੱਤੇ ਜਾਣ ਤੋਂ ਬਾਅਦ ਲਸੰਸ ਪ੍ਰਾਪਤ ਕਰ ਲੈਣ ਤੇ ਇਸ ਨੂੰ ਜਾਇਜ਼ ਠਹਿਰਾਇਆ ਜਾਂਦਾ ਹੈ?**

ਉੱਤਰ-2 ਕਾਨੂੰਨ ਅਧੀਨ ਕਿਸੇ ਗੈਰ-ਲਸੰਸਸ਼ੁਦਾ ਪੈਸਾ ਉਧਾਰ ਦੇਣ ਵਾਲੇ ਵਿਅਕਤੀ ਦੁਆਰਾ ਕਰਜ਼ਾ ਦੇਣ ਦੀ ਆਗਿਆ ਤਾਂ ਹੈ ਲੇਕਿਨ ਪੰਜਾਬ ਰਜਿਸਟ੍ਰੇਸ਼ਨ ਆਫ਼ ਮਨੀਲੈਂਡਰਜ਼ ਐਕਟ ਦੀ ਧਾਰਾ 3 ਅਧੀਨ ਉਸ ਨੂੰ ਆਪਣਾ ਪੈਸਾ ਵਸੂਲ ਕਰਨ ਲਈ ਕਰਜ਼ਦਾਰ ਵਿਰੁੱਧ ਕੋਈ ਮੁਕੱਦਮਾ ਦਾਇਰ ਕਰਨ ਜਾਂ ਉਸ ਵਿਰੁੱਧ ਕੋਈ ਦਰਖਾਸਤ ਦੇਣ ਦੀ ਮਨਾਹੀ ਹੈ। ਐਪਰ, ਉਹ ਅਜਿਹਾ ਮੁਕੱਦਮਾ ਅਦਾਲਤ ਦੀ ਇਹ ਤਸੱਲੀ ਕਰਾ ਦੇਣ ਤੇ ਦਾਇਰ ਕਰ ਸਕਦਾ ਹੈ ਕਿ ਉਸ ਨੇ ਲਸੰਸ ਪ੍ਰਾਪਤ ਕਰਨ ਅਤੇ ਰਜਿਸਟ੍ਰੇਸ਼ਨ ਲਈ ਕੁਲੈਕਟਰ ਨੂੰ ਦਰਖਾਸਤ ਦਿੱਤੀ ਹੋਈ ਹੈ ਅਤੇ ਉਸ ਦੀ ਦਰਖਾਸਤ ਪੈਂਡਿੰਗ ਪਈ ਹੈ। ਅਜਿਹੀ ਸਥਿਤੀ ਵਿਚ, ਇਸ ਮੁਕੱਦਮੇ ਜਾਂ ਦਰਖਾਸਤ ਦਾ ਅੰਤਮ ਤੌਰ ਤੇ ਫੈਸਲਾ ਉਦੋਂ ਤੱਕ ਨਹੀਂ ਕੀਤਾ ਜਾਵੇਗਾ ਜਦੋਂ ਤਕ ਉਧਾਰ ਦੇਣ ਵਾਲੇ ਦੀ ਰਜਿਸਟ੍ਰੇਸ਼ਨ ਅਤੇ ਲਸੰਸ ਦੇਣ ਲਈ ਦਿੱਤੀ ਗਈ ਪੈਂਡਿੰਗ ਪਈ ਦਰਖਾਸਤ ਦਾ ਕੁਲੈਕਟਰ ਦੁਆਰਾ ਅੰਤਿਮ ਤੌਰ ਤੇ ਫੈਸਲਾ ਨਹੀਂ ਕੀਤਾ ਜਾਂਦਾ।

**ਪ੍ਰਸ਼ਨ-3ਕਰਜ਼ਦਾਰ ਵੱਲੋਂ ਕਰਜ਼ਾ ਨਾ ਮੋੜੇ ਜਾ ਸਕਣ ਦੀ ਸੂਰਤ ਵਿਚ ਉਸ ਦੀ ਜ਼ਮੀਨ, ਪਸ਼ੂ-ਧਨ, ਕਾਰੋਬਾਰੀ ਸਾਜ਼ੋ-ਸਾਮਾਨ, ਮਕਾਨਾਂ/ਇਮਾਰਤਾਂ/ਦਰੱਖਤਾਂ ਜਾਂ ਉਸ ਦੀਆਂ ਹੋਰ ਸੰਪਤੀਆਂ ਦੀ ਸੁੱਰਖਿਆ ਲਈ ਕੀ ਉਪਾਓ ਕੀਤਾ ਜਾਂਦਾ ਹੈ?**

ਉੱਤਰ-3 ਜੇਕਰ ਕਰਜ਼ਦਾਰ ਕਰਜ਼ਾ ਵਾਪਸ ਕਰਨ ਦੀ ਸਥਿਤੀ ਵਿਚ ਨਹੀਂ ਰਹਿੰਦਾ, ਤਾਂ ਸੀ.ਪੀ.ਸੀ. ਦੀ ਧਾਰਾ 60 ਵਿਚ ਦਰਜ ਉਪਬੰਧਾਂ ਮੁਤਾਬਕ ਉਸਦੀ ਜ਼ਮੀਨ ਕੁਰਕ ਕਰਕੇ ਵੇਚੀ ਜਾ ਸਕਦੀ ਹੈ। ਲੇਕਿਨ, ਉਸ ਦੇ ਦੁਧਾਰੂ ਪਸ਼ੂ, ਉਸ ਦੇ ਕੰਮ-ਕਾਰ ਲਈ ਢੋਆ-ਢੁਆਈ ਦੇ ਮੰਤਵਾਂ ਲਈ ਵਰਤੇ ਜਾਂਦੇ ਹੋਰ ਪਸ਼ੂ ਅਤੇ ਕਿਸੇ ਜ਼ਿਮੀਦਾਰ ਨਾਲ ਸਬੰਧਤ ਹਵੇਲੀਆਂ ਅਤੇ ਵੇਹੜੇ ਜੋ ਉਸ ਦੇ ਪਸ਼ੂ ਬੰਨ੍ਹਣ, ਗੱਡੇ ਵਗੈਰਾ ਖੜ੍ਹੇ ਕਰਨ ਜਾਂ ਚਾਰਾ ਸਾਂਭਣ ਜਾਂ ਖਾਦਾਂ ਆਦਿ ਰੱਖਣ ਲਈ ਵਰਤੇ ਜਾਂਦੇ ਹੋਣ, ਦੀ ਕੁਰਕੀ ਨਹੀਂ ਕੀਤੀ ਜਾ ਸਕਦੀ। ਇਸੇ ਤਰ੍ਹਾਂ ਜ਼ਿਮੀਦਾਰ ਦੇ ਕੇਸ ਵਿਚ ਉਸ ਦੀ ਖੇਤੀ ਲਈ ਲੋੜੀਂਦੇ ਔਜਾਰਾਂ ਅਤੇ ਉਹ ਪਸ਼ੂ ਅਤੇ ਬੀਜ-ਅਨਾਜ ਜਿਹੜੇ ਉਸ ਦੀ ਰੋਟੀ-ਰੋਜੀ ਲਈ ਲਾਜ਼ਮੀ ਹਨ, ਨੂੰ ਵੀ ਕੁਰਕੀ ਅਤੇ ਵਿਕਰੀ ਤੋਂ ਛੋਟ ਹੈ। ਮਕਾਨ ਜਿਹੜੇ ਕਿਰਾਏ ਤੇ ਨਾ ਦਿੱਤੇ ਹੋਏ ਹੋਣ ਅਤੇ ਇਕ ਸਾਲ ਜਾਂ ਵੱਧ ਸਮੇਂ ਤੋਂ ਖਾਲੀ ਪਏ ਹੋਣ, ਵੀ ਕੁਰਕ ਨਹੀਂ ਕੀਤੇ ਜਾ ਸਕਦੇ। ਉਸ ਦੀ ਰਿਹਾਇਸ਼ ਵਾਲੀ ਮੁੱਖ ਇਮਾਰਤ ਨੂੰ ਵੀ ਇਸ ਤੋਂ ਛੋਟ ਹੈ। ਲੇਕਿਨ, ਦਰੱਖਤ ਜ਼ਮੀਨ ਦਾ ਅੰਗ ਗਿਣੇ ਗਏ ਹਨ ਇਸ ਕਰਕੇ ਇਨ੍ਹਾਂ ਨੂੰ ਜ਼ਮੀਨ ਦੇ ਨਾਲ ਕੁਰਕ ਕੀਤਾ ਜਾ ਸਕਦਾ ਹੈ।

**ਪ੍ਰਸ਼ਨ-4ਆਮ ਤੌਰ ਤੇ ਹੁੰਦਾ ਹੈ ਕਿ ਆੜ੍ਹਤੀਏ ਅਤੇ ਸ਼ਾਹੂਕਾਰ ਕਰਜ਼ਦਾਰ ਪਾਸੋਂ ਖਾਲੀ ਅਸ਼ਟਾਮਾਂ ਤੇ ਦਸਤਖਤ/ਅੰਗੂਠਾ ਲਗਵਾ ਲੈਂਦੇ ਹਨ ਅਤੇ ਬਾਅਦ ਵਿਚ ਉਸ ਕਾਗਜ਼ ਤੇ ਜ਼ਮੀਨ, ਘਰ ਆਦਿ ਨੂੰ ਫਰਜ਼ੀ ਤੌਰ ਤੇ ਗਹਿਣੇ ਕਰਨ ਜਾਂ ਵੇਚਣ ਲਈ ਲਿਖ ਲਿਆ ਜਾਂਦਾ ਹੈ। ਇਸ ਤਰ੍ਹਾਂ ਬਣਾਈ ਗਈ ਲਿਖਤ ਦੀ ਵੈਧਤਾ ਜਾਂ ਕਾਨੂੰਨੀ ਮਹੱਤਬ ਕੀ ਹੈ?**

ਉੱਤਰ-4 ਜੇਕਰ ਕੋਈ ਆੜ੍ਹਤੀਆ ਜਾਂ ਸ਼ਾਹੂਕਾਰ ਕਰਜ਼ਦਾਰ ਪਾਸੋਂ ਖਾਲੀ ਅਸ਼ਟਾਮ ਤੇ ਦਸਤਖਤ ਕਰਵਾ ਲਵੇ ਜਾਂ ਅੰਗੂਠਾ ਲਗਵਾ ਲਵੇ ਅਤੇ ਫਿਰ ਉਸ ਕਾਗਜ਼ ਤੇ ਉਸ ਦੀ ਜ਼ਮੀਨ ਜਾਂ ਘਰ ਆਦਿ ਨੂੰ ਰਹਿਣ ਕਰਨ ਲਈ ਇਕ ਦਸਤਾਵੇਜ਼ ਦਾ ਰੂਪ ਦੇ ਦੇਵੇ ਤਾਂ ਗਵਾਹੀ ਰਾਹੀਂ ਇਹ ਸਾਬਤ ਕਰਨ ਦੀ ਜ਼ਿੰਮੇਵਾਰੀ ਕਰਜ਼ਦਾਰ ਦੀ ਹੋਵੇਗੀ ਕਿ ਉਸ ਖਾਲੀ ਕਾਗਜ਼ ਨੂੰ ਇਕ ਦਸਤਾਵੇਜ਼ੀ ਲਿਖਤ ਬਣਾਏ ਜਾਣ ਤੋਂ ਪਹਿਲਾਂ ਲੈਣ-ਦੇਣ ਕਰਨ ਸਮੇਂ ਅਸਲ ਸਥਿਤੀ ਭਿੰਨ ਸੀ ਅਰਥਾਤ ਜੋ ਕੁਝ ਇਸ ਕਾਗਜ਼ ਤੇ ਲਿਖਿਆ ਗਿਆ ਹੈ ਉਸ ਸਮੇਂ ਅਜਿਹਾ ਤਹਿ ਨਹੀਂ ਸੀ ਹੋਇਆ। ਜੇਕਰ ਕਰਜ਼ਦਾਰ ਦਸਤਾਵੇਜ਼ ਤੇ ਕੀਤੇ ਗਏ ਆਪਣੇ ਦਸਤਖਤਾਂ ਨੂੰ ਸਵੀਕਾਰ ਕਰ ਲੈਂਦਾ ਹੈ ਤਾਂ ਉਸ ਮੁਤਾਬਕ ਲਿਖੀ ਗਈ ਦੇਣਦਾਰੀ ਉਸ ਤੇ ਮੁਕੰਮਲ ਤੌਰ ਤੇ ਪੈ ਜਾਂਦੀ ਹੈ ਅਤੇ ਉਸ ਲਈ ਉਸ ਦਸਤਾਵੇਜ਼ ਤੋਂ ਮੁਕਰਨਾ ਬਹੁਤ ਮੁਸ਼ਕਲ ਹੋ ਜਾਂਦਾ ਹੈ। ਲੇਕਿਨ, ਇਸ ਤੱਥ ਨੂੰ ਸਾਬਤ ਕਰਨ ਲਈ ਵਰਤੋਂ ਵਿਚ ਲਿਆਂਦੇ ਜਾਣ ਵਾਲੇ ਕੁਝ ਢੰਗ-ਤਰੀਕੇ ਇਸ ਪ੍ਰਕਾਰ ਹਨ:-

- ਕਰਜ਼ਦਾਰ ਇਹ ਸਾਬਤ ਕਰਨ ਲਈ ਕਿ ਇਹ ਕਾਗਜ਼ ਉਸ ਸਮੇਂ ਨਾਲ ਸਬੰਧਤ ਨਹੀਂ ਹਨ ਜਿਸ ਨਾਲ ਦਸਤਾਵੇਜ਼ ਸਬੰਧਤ ਹੈ, ਉਹ ਕਾਗਜ਼, ਅਸਟਾਮ ਅਤੇ ਮਾਲੀਆ ਸਟੈਂਪ ਦੇ ਅੰਤਰ ਪਹਿਚਾਣ ਚਿੰਨ੍ਹ (ਵਾਟਰਮਾਰਕ) ਦਾ ਸਬੂਤ ਪੇਸ਼ ਕਰਦਾ ਹੈ।

- ਦੋਹਾਂ ਸਿਆਹੀਆਂ ਅਰਥਾਤ, ਇਕ ਦਸਤਖਤ ਕਰਨ ਲਈ ਵਰਤੀ ਗਈ ਅਤੇ ਦੂਜੀ ਦਸਤਾਵੇਜ਼ ਨੂੰ ਲਿਖਣ ਲਈ ਵਰਤੀ ਗਈ, ਦੇ ਵੱਖ ਵੱਖ ਹੋਣ ਦਾ ਸਬੂਤ ਪੇਸ਼ ਕਰ ਸਕਦਾ ਹੈ। ਲਿਖਾਈ ਮਾਹਰ ਕੋਲੋਂ ਜਾਂਚ ਕਰਵਾ ਲੈਣੀ ਚਾਹੀਦੀ ਹੈ ਕਿਉਂਕਿ ਮਾਹਰ ਇਹ ਵੀ ਸਬਾਤ ਕਰ ਸਕਦਾ ਹੈ ਕਿ ਦਸਤਖਤ ਕਰਨ ਅਤੇ ਲਿਖਤ ਬਣਾਉਣ ਲਈ ਵੱਖਰੇ-ਵੱਖਰੇ ਪੈਨ ਅਤੇ ਸਿਆਹੀ ਵਰਤੀ ਗਈ ਹੈ।

- ਲਿਖਤ ਵਿਚ ਲਿਖੀਆਂ ਗਈਆਂ ਲਾਈਨਾਂ ਵਿਚਕਾਰ ਛੱਡੀ ਗਈ ਵਿੱਥ ਤੋਂ ਵੀ ਦਸਤਾਵੇਜ਼ ਨੂੰ ਅਨਿਯਮਿਤ ਅਤੇ ਗਲਤ ਸਾਬਤ ਕੀਤਾ ਜਾ ਸਕਦਾ ਹੈ ਕਿਉਂਕਿ ਜਦੋਂ ਕਿਸੇ ਖਾਲੀ ਕਾਗਜ਼ ਤੇ ਦਸਤਖ਼ਤ ਕੀਤੇ ਜਾਂਦੇ ਹਨ ਤਾਂ ਉਸ ਕਾਗਜ਼ ਨੂੰ ਇਕ ਦਸਤਾਵੇਜ਼ ਦਾ ਰੂਪ ਦੇਣ ਵੇਲੇ ਹੇਰਾ-ਫੇਰੀ ਕਰਨ ਵਾਲੇ ਵਿਅਕਤੀ ਦੁਆਰਾ ਦਸਤਖਤਾਂ ਵਾਲੀ ਥਾਂ ਨੂੰ ਛੂਹਣ ਲਈ ਉਸ ਕਾਗਜ਼ ਤੇ ਲਿਖੀਆਂ ਗਈਆ ਲਾਈਨਾਂ ਵਿਚਕਾਰ ਲੋੜ ਅਨੁਸਾਰ ਵੱਧ ਜਾਂ ਘੱਟ ਜਗ੍ਹਾ ਛੱਡੇ ਜਾਣ ਦੀ ਬਹੁਤ ਜ਼ਿਆਦਾ ਸੰਭਾਵਨਾ ਹੁੰਦੀ ਹੈ।

- ਕਰਜ਼ਦਾਰ ਨੂੰ ਆੜ੍ਹਤੀਏ ਦੁਆਰਾ ਆਪਣੀ ਵਹੀ ਵਿਚ ਗਲਤ ਇੰਦਰਾਜ ਕਰਕੇ ਲਿਖਤ ਬਣਾਉਣ ਸਮੇਂ ਝੂਠੀ ਗਵਾਹੀ ਪਾਉਣ ਵਾਲੇ ਗਵਾਹਾਂ ਦੀ ਸ਼ਨਾਖਤ ਦਾ ਸਬੂਤ ਦੇਣ ਦੀ ਵੀ ਖੁੱਲ੍ਹ ਹੈ।

- ਕਰਜ਼ਦਾਰ ਆੜ੍ਹਤੀਏ ਨੂੰ ਉਸ ਦੁਆਰਾ ਦਸਤਖਤ ਕੀਤੇ ਗਏ ਖਾਲੀ ਕਾਗਜ਼ ਵਾਪਸ ਕਰਨ ਲਈ ਕਾਨੂੰਨੀ ਨੋਟਿਸ ਵੀ ਦੇ ਸਕਦਾ ਹੈ।

ਕਿਸਾਨ ਆੜ੍ਹਤੀਏ ਵਿਰੁੱਧ ਨਕਲੀ ਦਸਤਾਵੇਜ਼ ਬਣਾਉਣ ਅਤੇ ਵਹੀ-ਖਾਤੇ ਵਿਚ ਭੰਨ-ਤੋੜ ਕਰਨ ਵਿਰੁੱਧ ਭਾਰਤੀ ਦੰਡਾਵਲੀ ਦੀ ਧਾਰਾ 464/477-ੳ ਅਧੀਨ ਸ਼ਿਕਾਇਤ ਵੀ ਦਰਜ ਕਰਵਾ ਸਕਦਾ ਹੈ।

**ਪ੍ਰਸ਼ਨ-5ਕਰਜ਼ਾ ਨਾ ਮੋੜੇ ਜਾਣ ਦੀ ਸੂਰਤ ਵਿਚ ਦੰਡ ਕਿਸ ਹੱਦ ਤਕ ਲਗਾਇਆ ਜਾ ਸਕਦਾ ਹੈ ?**

ਉੱਤਰ-5 ਅਗਰ ਕਰਜ਼ਾ ਵਾਪਸ ਨਹੀਂ ਕੀਤਾ ਜਾਂਦਾ ਤਾਂ ਸ਼ਾਹੂਕਾਰ ਨੂੰ ਵੀ ਵਿਆਜ ਅਤੇ ਖਰਚੇ ਸਮੇਤ ਆਪਣੀ ਰਕਮ ਵਸੂਲਣ ਲਈ ਮੁਕੱਦਮਾ ਦਾਇਰ ਕਰਨ ਦਾ ਪੂਰਾ-ਪੂਰਾ ਹੱਕ ਹੈ। ਡਿਗਰੀ ਹੋਣ ਤੋਂ ਬਾਅਦ, ਉਸ ਨੂੰ ਫੈਸਲੇ ਨੂੰ ਅਮਲ ਵਿਚ ਲਿਆਉਣ ਲਈ ਇਕ ਦਰਖਾਸਤ ਦੇਣੀ ਪਵੇਗੀ, ਜਿਸ ਵਿਚ ਉਹ ਕਰਜ਼ਦਾਰ ਦੀ ਚੱਲ ਅਤੇ ਅਚੱਲ ਸੰਪਤੀ ਕੁਰਕ ਕਰਨ ਦਾ ਦਾਅਵਾ ਕਰ ਸਕਦਾ ਹੈ। ਉਹ, ਕਰਜ਼ਦਾਰ, ਜਿਸ ਵਿਰੁੱਧ ਅਦਾਲਤ ਵਲੋਂ ਡਿਗਰੀ ਹੋਈ ਹੋਵੇ, ਨੂੰ ਗ੍ਰਿਫ਼ਤਾਰ ਕਰਨ ਜਾਂ ਕੈਦ ਕਰਨ ਲਈ ਬਿਨੈ ਵੀ ਕਰ ਸਕਦਾ ਹੈ ਪ੍ਰੰਤੂ ਕਰਜ਼ਦਾਰ ਨੂੰ ਜੇਲ੍ਹ ਵਿਚ ਬੰਦ ਕਰਨ ਦਾ ਹੁਕਮ ਉਦੋਂ ਤਕ ਨਹੀਂ ਦਿੱਤਾ ਜਾਵੇਗਾ ਜਦੋਂ ਤਕ ਉਸ ਦੀ ਸੰਪਤੀ ਕੁਰਕ ਕਰਕੇ ਕਰਜ਼ਾ ਉਗਰਾਹੁਣ ਲਈ ਵਿਕਰੀ ਨਾ ਕਰ ਲਈ ਜਾਵੇ ਅਤੇ ਉਸ ਨੂੰ ਗ੍ਰਿਫ਼ਤਾਰ ਕੀਤੇ ਜਾਣ ਲਈ ਇਸ ਪੱਖੋਂ ਸੁਣਵਾਈ ਦਾ ਪੂਰਾ-ਪੂਰਾ ਮੌਕਾ ਨਾ ਦਿੱਤਾ ਗਿਆ ਹੋਵੇ ਅਤੇ ਅਦਾਲਤ ਦੀ ਤਸੱਲੀ ਨਾ ਹੋ ਜਾਵੇ ਕਿ ਕਰਜ਼ਦਾਰ-ਜਿਸ ਵਿਰੁੱਧ ਕੋਰਟ ਵਲੋਂ ਡਿਗਰੀ ਦਿੱਤੀ ਗਈ ਹੋਵੇ, ਜਾਣ-ਬੁੱਝ ਕੇ ਡਿਗਰੀ ਦੀ ਤਾਮੀਲ ਹੋਣ ਵਿਚ ਵਿਘਨ ਪਾ ਰਿਹਾ ਹੈ ਜਾਂ ਦੇਰੀ ਕਰ ਰਿਹਾ ਹੈ। ਲੇਕਿਨ, ਉਸ ਨੂੰ ਅੰਦਰ ਡੱਕਣ ਦਾ ਖਰਚਾ ਡਿਗਰੀ-ਹੋਲਡਰ ਤੇ ਪਵੇਗਾ। ਕਰਜ਼ਦਾਰ ਨੂੰ ਕੈਦ ਕਰਨ ਦਾ ਹੁਕਮ ਉਸ ਸੂਰਤ ਵਿਚ ਨਹੀਂ ਦਿੱਤਾ ਜਾਵੇਗਾ ਅਗਰ ਡਿਗਰੀ ਵਿਚ ਸ਼ਾਮਲ ਕੁੱਲ ਰਕਮ 2,000 ਰੁਪਏ ਜਾਂ ਇਸ ਤੋਂ ਘੱਟ ਹੈ। ਜਿਥੇ ਡਿਗਰੀ ਦੀ ਰਕਮ 2,000 ਰੁਪਏ ਤੋਂ ਵੱਧ ਹੋਵੇ ਪ੍ਰੰਤੂ 5,000 ਰੁਪਏ ਤੋਂ ਘੱਟ ਹੋਵੇ, ਕੈਦ ਛੇ ਹਫ਼ਤਿਆਂ ਤੋਂ ਵੱਧ ਨਹੀਂ ਹੋ ਸਕਦੀ ਅਤੇ ਅਗਰ ਡਿਗਰੀ ਦਿੱਤੀ ਰਕਮ 5,000 ਰੁਪਏ ਤੋਂ ਵੱਧ ਹੋਵੇ ਤਾਂ ਕੈਦ ਦਾ ਵੱਧ ਤੋਂ ਵੱਧ ਸਮਾਂ ਤਿੰਨ ਮਹੀਨੇ ਹੋਵੇਗਾ। ਕੈਦ ਤੋਂ ਰਿਹਾਈ ਦਾ ਅਰਥ ਇਹ ਨਹੀਂ ਹੋਵੇਗਾ ਕਿ ਕਰਜ਼ੇ ਤੋਂ ਛੁਟਕਾਰਾ ਹੋ ਗਿਆ ਹੈ। ਪ੍ਰੰਤੂ ਕਰਜ਼ਦਾਰ ਨੂੰ ਉਸੇ ਕੇਸ ਵਿਚ ਮੁੜ ਗ੍ਰਿਫ਼ਤਾਰ ਅਤੇ ਅੰਦਰ ਨਹੀਂ ਕੀਤਾ ਜਾ ਸਕਦਾ। ਕਿਸੇ ਕਰਜ਼ਦਾਰ ਨੂੰ ਕਿਸੇ ਵੀ ਸਮੇਂ ਉਦੋਂ ਰਿਹਾਅ ਕੀਤਾ ਜਾ ਸਕਦਾ ਹੈ ਜਦੋਂ ਉਹ ਡਿਗਰੀ ਦੀ ਰਕਮ ਭਰ ਦੇਵੇ ਜਾਂ ਸ਼ਾਹੂਕਾਰ ਉਸਦੀ ਹਿਰਾਸਤ ਦਾ ਖਰਚਾ ਨਾ ਭਰੇ ਜਾਂ ਡਿਗਰੀ ਉਪਰਲੀ ਅਦਾਲਤ ਵਲੋਂ ਰੱਦ ਕਰ ਦਿੱਤੀ ਗਈ ਹੋਵੇ, ਉਸ ਦੀ ਕੈਦ ਦੀ ਕੁੱਲ ਮਿਆਦ ਕਿਸੇ ਵੀ ਸੂਰਤ ਵਿਚ ਤਿੰਨ ਮਹੀਨਿਆਂ ਤੋਂ ਨਹੀਂ ਵਧੇਗੀ। ਜਿਥੇ ਕਿਸੇ ਕਰਜ਼ਦਾਰ ਵਿਰੁੱਧ ਗ੍ਰਿਫ਼ਤਾਰੀ, ਕੁਰਕੀ ਜਾਂ ਡਿਗਰੀ ਦਾ ਹੁਕਮ ਗੈਰ-ਕਾਨੂੰਨੀ ਆਧਾਰਾਂ ਤੇ ਲਿਆ ਗਿਆ ਹੋਵੇ ਉਸ ਸੂਰਤ ਵਿਚ ਉਹ ਮੁਆਵਜ਼ੇ ਦਾ ਦਾਅਵਾ ਕਰ ਸਕਦਾ ਹੈ।

## ਜੂਝਦੇ ਰਹੋ (ਸਰਵਾਈਵਰ ਬਣੋ)

ਪੰਜਾਬ ਅਜ ਆਰਥਿਕ ਮੰਦਵਾੜੇ ਦਾ ਸ਼ਿਕਾਰ ਹੈ। ਇਹ ਮੰਦਵਾੜਾ 1930 ਵਿਚ ਸਰ ਛੋਟੂ ਰਾਮ ਦੇ ਸਮੇਂ ਤੋਂ ਵੀ ਕਿਤੇ ਭਿਆਨਕ ਹੈ। ਉਦੋਂ ਰਾਜ ਪਾਸ ਬਹੁਤ ਸਾਰੀਆਂ ਸੁਧਾਰਕ ਸ਼ਕਤੀਆਂ ਸਨ ਲੇਕਿਨ ਉਨ੍ਹਾਂ ਵਿਚੋਂ ਬਹੁਤੀਆਂ ਸ਼ਕਤੀਆਂ ਹੁਣ ਕੇਂਦਰ ਨੇ ਆਪਣੇ ਹੱਥਾਂ ਵਿਚ ਲੈ ਲਈਆਂ ਹਨ ਅਤੇ ਹੁਣ ਕੇਂਦਰ ਸਰਕਾਰ ਹੀ ਹੈ ਜੋ ਦਖਲ-ਅੰਦਾਜ਼ੀ ਕਰ ਸਕਦੀ ਹੈ। ਸਥਿਤੀ ਬਹੁਤ ਹੀ ਨਾਜ਼ੁਕ ਹੁੰਦੀ ਜਾ ਰਹੀ ਹੈ ਅਤੇ ਸਰਕਾਰ ਪਾਸੋਂ ਕਿਸੇ ਮਦਦ ਦੀ ਉਮੀਦ ਕਰਨਾ ਸਿਆਣਪ ਵਾਲੀ ਗੱਲ ਨਹੀਂ ਹੋਵੇਗੀ। 20ਵੇਂ ਅਤੇ 30ਵੇਂ ਦਹਾਕਿਆਂ ਦੌਰਾਨ ਪੰਜਾਬ ਵਿਚ ਸੁਧਾਰਕ ਸਿੰਘ ਸਭਾ ਅੰਦੋਲਨ ਚਲਾਇਆ ਗਿਆ ਜਿਸ ਵਿਚ ਲੋਕਾਂ ਨੂੰ ਨਿਮਨਲਿਖਤ ਢੰਗਾਂ ਵਿਚ ਆਪਣੀ ਜ਼ਿੰਦਗੀ ਤੌਰ-ਤਰੀਕਿਆਂ ਨੂੰ ਬਦਲਣ ਲਈ ਮੁਹਿੰਮ ਚਲਾਈ ਗਈ:-

1. ਕਰਜ਼ੇ ਲਵੋ ਪਰੰਤੂ ਸਿਰਫ਼ ਉਤਪਾਦਕ ਮੰਤਵਾਂ ਲਈ ਜਿਨ੍ਹਾਂ ਨਾਲ ਤੁਹਾਡੀ ਆਮਦਨ ਵਿਚ ਵਾਧਾ ਹੋਵੇ। ਗ਼ੈਰ-ਉਪਾਦਕ ਕਰਜ਼ੇ ਕੇਵਲ ਬੋਝ ਹੀ ਬਣਦੇ ਹਨ।

2. **ਸ਼ਰਾਬ ਬੰਦ ਕਰੋ**: ਪਿੰਡਾਂ ਵਿਚ ਸ਼ਰਾਬ ਬੰਦ ਕੀਤੀ ਜਾਵੇ। ਜਦੋਂ ਲੋਕ ਕਰਜ਼ੇ ਦੇ ਬੋਝ ਥੱਲੇ ਆਉਣ ਦੀ ਵਜ੍ਹਾ ਕਰਕੇ ਅਤੇ ਅਤਿ ਗਰੀਬੀ ਆ ਜਾਣ ਕਰਕੇ ਮਰ ਰਹੇ ਹੋਣ, ਤਾਂ ਉਸ ਸੂਰਤ ਵਿਚ ਸ਼ਰਾਬ ਦੀ ਵਰਤੋਂ ਕਰਨ ਦਾ ਕੋਈ ਹੱਕ ਨਹੀਂ ਹੈ। ਜੇਕਰ ਕਿਸੇ ਕੋਲ ਬੋਤਲ ਲਈ ਪੈਸੇ ਹਨ, ਤਾਂ ਸਮਝੋ ਕਿ ਇਹ ਉਸਦੇ ਪਰਿਵਾਰ ਦੀ ਕੀਮਤ ਤੇ ਹਨ। ਸਾਰੇ ਧਰਮ ਸ਼ਰਾਬ ਅਤੇ ਹੋਰ ਨਸ਼ਿਆਂ ਦੇ ਵਿਰੁੱਧ ਸਿਖਿਆ ਦਿੰਦੇ ਹਨ। ਇਸ ਕਰਕੇ ਨਸ਼ੇ ਛੱਡੋ।

3. **ਰਸਮੋ-ਰਿਵਾਜ਼ਾਂ ਨੂੰ ਸਾਧਾਰਨ ਬਣਾਓ:** ਇਸ ਗੱਲ ਦੀ ਪਰਵਾਹ ਨਾ ਕਰੋ ਕਿ "ਲੋਕ ਕੀ ਕਹਿਣਗੇ"।

<u>ਸ਼ਾਦੀ:</u> ਇਕ ਸਾਦਾ ਵਿਆਹ ਇਕ ਬਹੁਤਾ ਖਰਚਾ ਕਰਕੇ ਕੀਤੇ ਵਿਆਹ ਨਾਲੋਂ ਘੱਟ ਸ਼ਾਨ ਵਾਲਾ ਨਹੀਂ ਹੈ। ਸਿੰਘ ਸਭਾ ਅੰਦੋਲਨ ਦੌਰਾਨ, ਵਿਆਹ ਸਵਾ ਰੁਪਏ ਨਾਲ ਕੀਤਾ ਜਾਂਦਾ ਸੀ। ਸ਼ਾਦੀਆਂ ਗੁਰਦੁਆਰੇ ਅਤੇ ਮੰਦਰਾਂ ਵਿਚ ਕਰੋ।

<u>ਬਾਰਾਤ:</u> ਬਰਾਤ ਨੂੰ ਸਿਰਫ਼ ਪਰਿਵਾਰ ਦੇ ਮੈਂਬਰਾਂ ਤੀਕ ਹੀ ਸੀਮਿਤ ਰੱਖੋ।

<u>ਦਹੇਜ:</u> ਦਹੇਜ ਨਾ ਦਿਓ ਨਾ ਲਵੋ ਕਿਉਂਕਿ ਇਹ ਦੋਵੇਂ ਕਾਨੂੰਨ ਦੇ ਖਿਲਾਫ਼ ਗੱਲਾਂ ਹਨ। ਦਹੇਜ ਦਿਹਾਤੀ ਪੰਜਾਬ ਦਾ ਕਦੀਂ ਕੋਈ ਰਿਵਾਜ਼ ਨਹੀਂ ਸੀ ਅਤੇ ਇਸ ਦੀ ਗੁਰੂਆਂ ਨੇ ਵੀ ਮਨਾਹੀ ਕੀਤੀ ਹੈ। ਲਾੜੀ ਦੇ ਨਿੱਜੀ ਸਾਮਾਨ ਦੀ ਪ੍ਰਦਰਸ਼ਨੀ ਦੀ ਵੀ ਮਨਾਹੀ ਸੀ।

ਸੋਨੇ ਦੇ ਗਹਿਣੇ ਇਕ ਗ਼ੈਰ-ਉਤਪਾਦਕ ਖ਼ਰਚਾ ਹਨ। ਇਸ ਦੀ ਬਜਾਏ, ਲਾੜੀ ਦੇ ਨਾਂ ਤੇ FDRs ਜਾਂ ਬਚਤ ਸਰਟੀਫ਼ਿਕੇਟ ਦਿਉ। ਇਹ ਬੇਹਤਰ ਸਿਕਿਉਰਿਟੀ ਹੈ।

<u>ਭੋਗ:</u> ਭੋਗਾਂ ਤੇ ਵੀ ਬੇਹੱਦ ਖਰਚਾ ਕਰਨਾ ਜ਼ਰੂਰੀ ਨਹੀਂ ਹੈ। ਸਿੰਘ ਸਭਾ ਦੇ ਦਿਨਾਂ ਵਿਚ, ਇਹ ਸਮਾਰੋਹ ਵੀ ਗੁਰਦੁਆਰਿਆਂ ਵਿਚ ਸਵਾ ਰੁਪਏ ਨਾਲ ਕੀਤਾ ਜਾਂਦਾ ਸੀ।

4. **ਦਾਨ ਦਿਓ**: ਗੁਰੂ ਨਾਨਕ ਨੇ ਕਿਹਾ ਸੀ "ਕਿਰਤ ਕਰੋ ਵੰਡ ਛਕੋ" (ਕੰਮ ਕਰੋ ਅਤੇ ਆਪਣਾ ਫ਼ਾਲਤੂ ਪੈਸਾ ਲੋੜਵੰਦਾਂ ਨੂੰ ਦਿਓ)। ਕਿਸੇ ਸਿਖ ਤੋਂ ਇਹੀ ਉਮੀਦ ਕੀਤੀ ਜਾਂਦੀ ਹੈ। ਜੇਕਰ ਤੁਹਾਡੇ ਕੋਲ ਲੋੜ ਤੋਂ ਵੱਧ ਧਨ ਹੈ, ਤਾਂ ਕਿਸੇ ਜ਼ਰੂਰਤਮੰਦ ਨੂੰ ਆਪਣੇ ਨਾਲ ਭੋਜਣ ਖਾਣ ਲਈ ਕਹੋ। ਜੇਕਰ ਘਰ ਵਿਚ ਭੋਜਨ ਦਾ ਪ੍ਰਬੰਧ ਨਹੀਂ ਹੋ ਸਕਦਾ, ਤਾਂ ਗੁਰਦੁਆਰੇ ਜਾਓ ਅਤੇ ਲੰਗਰ ਛਕੋ। ਗੁਰੂ ਘਰ ਤੋਂ ਖਾਣ ਦਾ ਕੋਈ ਮਿਹਣਾ ਨਹੀਂ ਹੈ ਜਾਂ ਹੱਤਕ ਵਾਲੀ ਗੱਲ ਨਹੀਂ ਹੈ। ਗੁਰਦੁਆਰੇ ਦਾ ਮੰਤਵ ਇਹੋ ਹੀ ਹੈ।

5. **ਖੇਤੀ ਦਾ ਕਾਰਜਾਂ ਵਿਚ ਇਕ-ਦੂਜੇ ਦੀ ਮਦਦ ਕਰੋ**: ਜੇਕਰ ਤੁਸੀਂ ਅੱਜ ਕਿਸੇ ਦੀ ਮਦਦ ਕਰਦੇ ਹੋ, ਤਾਂ ਕਲ ਉਹ ਵੀ ਉਹਾਡੀ ਮਦਦ ਕਰਨ ਲਈ ਤਿਆਰ ਰਹੇਗਾ। ਇਹ ਪਿੰਡਾਂ ਵਿਚ ਸਹਿਕਾਰਤਾ ਦਾ ਰਵਾਇਤੀ ਤੌਰ-ਤਰੀਕਾ ਹੈ।

6. ਆਪਣੇ ਬੱਚਿਆਂ ਨੂੰ ਪੜ੍ਹਾਓ-ਲਿਖਾਓ ਤਾ ਕਿ ਉਹ ਮਹਾਰਤ ਪ੍ਰਾਪਤ ਕਰਨ ਅਤੇ ਨੌਕਰੀਆਂ ਲੈਣ। ਕਿਸਾਨਾਂ ਉਤੇ ਤਣਾਓ ਵਧਦਾ ਹੀ ਜਾ ਰਿਹਾ ਹੈ। ਜੋਤਾਂ ਘੱਟਦੀਆਂ ਜਾ ਰਹੀਆਂ ਹਨ ਅਤੇ ਪੁਰਾਣੇ ਜ਼ਮਾਨੇ ਦੇ ਤਰੀਕੇ ਪਿੰਡਾਂ ਵਿਚ ਲੋਕਾਂ ਦੀ ਮਦਦ ਕਰਨ ਦੇ ਯੋਗ ਨਹੀਂ ਹੋਣਗੇ। ਔਰਤਾਂ ਵੀ ਕਮਾਉਣ ਦੇ ਯੋਗ ਹਨ, ਜੇਕਰ ਉਹ ਆਪਣੇ ਕਾਰਜ ਵਿਚ ਨਿਪੁੰਨਤਾ ਲਿਆਉਣ ਜੋ ਉਨ੍ਹਾਂ ਨੂੰ ਰੁਜ਼ਗਾਰ ਲੱਭਣ ਅਤੇ ਵਸਤਾਂ ਤਿਆਰ ਕਰਨ ਦੀ ਇਜਾਜ਼ਤ ਦੇਵੇਗੀ। ਉਹਾਨੂੰ ਆਪਣੀ ਕਮਾਈ ਕਰ ਰਹੀ ਪੁੱਤਰੀ ਅਤੇ ਪੁੱਤਰ ਤੇ ਮਾਣ ਹੋਵੇਗਾ।

7. <u>ਛੋਟੇ ਕਾਰੋਬਾਰ ਵਲ ਤਵੱਜੋ ਦਿਓ:</u>

ਕਿਸੇ ਪਰਿਵਾਰ ਦੇ ਇਕ ਮੈਂਬਰ ਦੀ ਕਿਸੇ ਸ਼ਹਿਰ ਜਾਂ ਕਸਬੇ ਵਿਚ ਕੋਈ ਛੋਟਾ ਕਾਰੋਬਾਰ ਸਥਾਪਤ ਕਰਨ ਲਈ ਮਦਦ ਕੀਤੀ ਜਾਣੀ ਚਾਹੀਦੀ ਹੈ।

<u>ਤੁਸੀਂ ਲਾਚਾਰ ਨਹੀਂ ਹੋ:</u>

<u>ਆਪਣੀ ਜ਼ਿੰਦਗੀ ਤੇ ਕੰਟਰੋਲ ਕਰੋ।</u>

<u>ਤੁਹਾਡੇ ਆਪਣੇ ਆਪ ਨੂੰ ਖ਼ਤਮ ਕਰ ਲੈਣ ਨਾਲ ਤੁਹਾਡੇ ਪਰਿਵਾਰ ਦੇ ਪਿਛਲੇ ਜੀਆਂ ਦੀਆਂ ਤਕਲੀਫ਼ਾਂ ਹੋਰ ਵੱਧਣਗੀਆਂ</u>

************


## ਮੂਵਮੈਂਟ ਅਗੇਂਸਟ ਸਟੇਟ ਰਿਪਰੈਸ਼ਨ

314, ਸੈਕਟਰ 44, ਚੰਡੀਗੜ੍ਹ-160047
ਦੁਆਰਾ ਪ੍ਰਕਾਸ਼ਿਤ ਕੀਤਾ ਗਿਆ।

ਇੰਦਰਜੀਤ ਸਿੰਘ ਜੇਜੀ, ਕਨਵੀਨਰ, ਐਮ.ਏ.ਐਸ.ਆਰ.
ਅਤੇ

ਜਸਟਿਸ ਏ.ਐਸ. ਬੈਂਸ,
ਪ੍ਰੈਜ਼ੀਡੈਂਟ, ਪੀ.ਐਚ.ਆਰ.ਓ.

ਬਲਜੀਤ ਕੌਰ,
ਕੋ-ਕਨਵੀਨਰ, ਐਮ.ਏ.ਐਸ.ਆਰ.

ਲੈਫ਼. ਜਨ. ਕਰਤਾਰ ਸਿੰਘ ਗਿਲ
(ਰਿਟਾਇਰਡ)
ਸਲਾਹਕਾਰ, ਐਮ.ਏ.ਐਸ.ਆਰ. -
ਪੀ.ਐਚ.ਆਰ.ਓ.

ਡਾਕਟਰ ਗੁਰਮੀਤ ਸਿੰਘ
ਐਡਵੋਕੇਟ

ਗੁਰਦਰਸ਼ਨ ਸਿੰਘ ਗਰੇਵਾਲ,
ਸਾਬਕਾ ਐਡਵੋਕੇਟ ਜਨਰਲ,
ਪੰਜਾਬ

ਜੋਗਿੰਦਰ ਸਿੰਘ ਤੁੜ,
ਐਡਵੋਕੇਟ

ਅਮਨ ਸਿੱਧੂ, ਰਿਸਰਚਰ